ਬਾਰਹ ਮਾਹਾ ਮਾਂਝ

Baareh Maahaa

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪
baarah maahaa maaNjh mehlaa 5 ghar 4
Baarah Maahaa ~ The Twelve Months: Maajh, Fifth Mehl, Fourth House:

ੴ ਸਤਿਗੁਰ ਪ੍ਰਸਾਦਿ ॥
ik-oNkaar satgur parsaad.
One Universal Creator God. By The Grace Of The True Guru:

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥
kirat karam kay veechhurhay kar kirpaa maylhu raam.
By the actions we have committed, we are separated from You. Please show Your Mercy, and unite us with Yourself, Lord.

ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥
chaar kunt dah dis bharamay thak aa-ay parabh kee saam.
We have grown weary of wandering to the four corners of the earth and in the ten directions. We have come to Your Sanctuary, God.

ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥
Dhayn duDhai tay baahree kitai na aavai kaam.
Without milk, a cow serves no purpose.

ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥
jal bin saakh kumlaavatee upjahi naahee daam.
Without water, the crop withers, and it will not bring a good price.

ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥
har naah na milee-ai saajnai kat paa-ee-ai bisraam.
If we do not meet the Lord, our Friend, how can we find our place of rest?

ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥
jit ghar har kant na pargata-ee bhath nagar say garaam.
Those homes, those hearts, in which the Husband Lord is not manifest-those towns and villages are like burning furnaces.

ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥
sarab seegaar tambol ras san dayhee sabh khaam.
All decorations, the chewing of betel to sweeten the breath, and the body itself, are all useless and vain.

ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥
parabh su-aamee kant vihoonee-aa meet sajan sabh jaam.
Without God, our Husband, our Lord and Master, all friends and companions are like the Messenger of Death.

ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥
naanak kee banantee-aa kar kirpaa deejai naam.
This is Nanak's prayer: "Please show Your Mercy, and bestow Your Name.

ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ ॥੧॥
har maylhu su-aamee sang parabh jis kaa nihchal Dhaam. ||1||
O my Lord and Master, please unite me with Yourself, O God, in the Eternal Mansion of Your Presence". ||1||

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥
chayt govind araaDhee-ai hovai anand ghanaa.
In the month of Chayt, by meditating on the Lord of the Universe, a deep and profound joy arises.

ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥
sant janaa mil paa-ee-ai rasnaa naam bhanaa.
Meeting with the humble Saints, the Lord is found, as we chant His Name with our tongues.

ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥
jin paa-i-aa parabh aapnaa aa-ay tiseh ganaa.
Those who have found God-blessed is their coming into this world.

ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥
ik khin tis bin jeevnaa birthaa janam janaa.
Those who live without Him, for even an instant-their lives are rendered useless.

ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥
jal thal mahee-al poori-aa ravi-aa vich vanaa.
The Lord is totally pervading the water, the land, and all space. He is contained in the forests as well.

ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥
so parabh chit na aavee kit-rhaa dukh ganaa.
Those who do not remember God-how much pain must they suffer!

ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥
jinee raavi-aa so parabhoo tinnaa bhaag manaa.
Those who dwell upon their God have great good fortune.

ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥
har darsan ka^{N}-u man lochdaa naanak pi-aas manaa.
My mind yearns for the Blessed Vision of the Lord's Darshan. O Nanak, my mind is so thirsty!

ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥
chayt milaa-ay so parabhoo tis kai paa-ay lagaa. ||2||
I touch the feet of one who unites me with God in the month of Chayt. ||2||

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
vaisaakh Dheeran ki-o vaadhee-aa jinaa paraym bichhohu.
In the month of Vaisaakh, how can the bride be patient? She is separated from her Beloved.

ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
har saajan purakh visaar kai lagee maa-i-aa Dhohu.
She has forgotten the Lord, her Life-companion, her Master; she has become attached to Maya, the deceitful one.

ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
putar kaltar na sang Dhanaa har avinaasee oh.
Neither son, nor spouse, nor wealth shall go along with you-only the Eternal Lord.

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥
palach palach saglee mu-ee jhoothai DhanDhai moh.
Entangled and enmeshed in the love of false occupations, the whole world is perishing.

ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ikas har kay naam bin agai la-ee-ah khohi.
Without the Naam, the Name of the One Lord, they lose their lives in the hereafter.

ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥
da-yu visaar viguchnaa parabh bin avar na ko-ay.
Forgetting the Merciful Lord, they are ruined. Without God, there is no other at all.

ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥
pareetam charnee jo lagay tin kee nirmal so-ay.
Pure is the reputation of those who are attached to the Feet of the Beloved Lord.

ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
naanak kee parabh bayntee parabh milhu paraapat ho-ay.
Nanak makes this prayer to God: "Please, come and unite me with Yourself."

ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥
vaisaakh suhaavaa taa^{N} lagai jaa sant bhaytai har so-ay. ||3||
The month of Vaisaakh is beautiful and pleasant, when the Saint causes me to meet the Lord. ||3||

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥
har jayth jurhandaa lorhee-ai jis agai sabh nivann.
In the month of Jayt'h, the bride longs to meet with the Lord. All bow in humility before Him.

ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥
har sajan daavan lagi-aa kisai na day-ee bann.
One who has grasped the hem of the robe of the Lord, the True Friend-no one can keep him in bondage.

ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥
maanak motee naam parabh un lagai naahee sann.
God's Name is the Jewel, the Pearl. It cannot be stolen or taken away.

ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥
rang sabhay naaraa-inai jaytay man bhaavann.
In the Lord are all pleasures which please the mind.

ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥
jo har lorhay so karay so-ee jee-a karann.
As the Lord wishes, so He acts, and so His creatures act.

ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥
jo parabh keetay aapnay say-ee kahee-ahi Dhan.
They alone are called blessed, whom God has made His Own.

ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥
aapan lee-aa jay milai vichhurh ki-o rovann.
If people could meet the Lord by their own efforts, why would they be crying out in the pain of separation?

ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥
saaDhoo sang paraapatay naanak rang maanan.
Meeting Him in the Saadh Sangat, the Company of the Holy, O Nanak, celestial bliss is enjoyed.

ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥
har jayth rangeelaa tis Dhanee jis kai bhaag mathann. ||4||
In the month of Jayt'h, the playful Husband Lord meets her, upon whose forehead such good destiny is recorded. ||4||

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥
aasaarh tapandaa tis lagai har naahu na jinna paas.
The month of Aasaarh seems burning hot, to those who are not close to their Husband Lord.

ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥
jagjeevan purakh ti-aag kai maanas sandee aas.
They have forsaken God the Primal Being, the Life of the World, and they have come to rely upon mere mortals.

ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥
duyai bhaa-ay viguchee-ai gal pa-ees jam kee faas.
In the love of duality, the soul-bride is ruined; around her neck she wears the noose of Death.

ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
jayhaa beejai so lunai mathai jo likhi-aas.
As you plant, so shall you harvest; your destiny is recorded on your forehead.

ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥
rain vihaanee pachhutaanee uth chalee ga-ee niraas.
The life-night passes away, and in the end, one comes to regret and repent, and then depart with no hope at all.

ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥
jin kou saaDhoo bhaytee-ai so dargeh ho-ay khalaas.
Those who meet with the Holy Saints are liberated in the Court of the Lord.

ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥
kar kirpaa parabh aapnee tayray darsan ho-ay pi-aas.
Show Your Mercy to me, O God; I am thirsty for the Blessed Vision of Your Darshan.

ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥
parabh tuDh bin doojaa ko nahee naanak kee ardaas.
Without You, God, there is no other at all. This is Nanak's humble prayer.

ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥
aasaarh suhandaa tis lagai jis man har charan nivaas. ||5||
The month of Aasaarh is pleasant, when the Feet of the Lord abide in the mind. ||5||

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥
saavan sarsee kaamnee charan kamal si-o pi-aar.
In the month of Saawan, the soul-bride is happy, if she falls in love with the Lotus Feet of the Lord.

ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥
man tan rataa sach rang iko naam aDhaar.
Her mind and body are imbued with the Love of the True One; His Name is her only Support.

ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥
bikhi-aa rang koorhaavi-aa disan sabhay chhaar.
The pleasures of corruption are false. All that is seen shall turn to ashes.

ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥
har amrit boond suhaavanee mil saaDhoo peevanhaar.
The drops of the Lord's Nectar are so beautiful! Meeting the Holy Saint, we drink these in.

ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥
van tin parabh sang ma-oli-aa samrath purakh apaar.
The forests and the meadows are rejuvenated and refreshed with the Love of God, the All-powerful, Infinite Primal Being.

ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥
har milnai no man lochdaa karam milaavanhaar.
My mind yearns to meet the Lord. If only He would show His Mercy, and unite me with Himself!

ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥
jinee sakhee-ay parabh paa-i-aa ha^{N}-u tin kai sad balihaar.
Those brides who have obtained God-I am forever a sacrifice to them.

ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
naanak har jee ma-i-aa kar sabad savaaranhaar.
O Nanak, when the Dear Lord shows kindness, He adorns His bride with the Word of His Shabad.

ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥
saavan tinaa suhaaganee jin raam naam ur haar. ||6||
Saawan is delightful for those happy soul-brides whose hearts are adorned with the Necklace of the Lord's Name. ||6||

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥
bhaadu-ay bharam bhulaanee-aa doojai lagaa hayt.
In the month of Bhaadon, she is deluded by doubt, because of her attachment to duality.

ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥
lakh seegaar banaa-i-aa kaaraj naahee kayt.
She may wear thousands of ornaments, but they are of no use at all.

ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥
jit din dayh binsasee tit vaylai kahsan parayt.
On that day when the body perishes-at that time, she becomes a ghost.

ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
pakarh chalaa-in doot jam kisai na daynee bhayt.
The Messenger of Death seizes and holds her, and does not tell anyone his secret.

ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥
chhad kharhotay khinai maahi jin si-o lagaa hayt.
And her loved ones-in an instant, they move on, leaving her all alone.

ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥
hath marorhai tan kapay si-aahhu ho-aa sayt.
She wrings her hands, her body writhes in pain, and she turns from black to white.

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
jayhaa beejai so lunai karmaa sand-rhaa khayt.
As she has planted, so does she harvest; such is the field of karma.

ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥
naanak parabh sarnaagatee charan bohith parabh dayt.
Nanak seeks God's Sanctuary; God has given him the Boat of His Feet.

ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥
say bhaadu-ay narak na paa-ee-ah gur rakhan vaalaa hayt. ||7||
Those who love the Guru, the Protector and Savior, in Bhaadon, shall not be thrown down into hell. ||7||

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥
asun paraym umaahrhaa ki-o milee-ai har jaa-ay.
In the month of Assu, my love for the Lord overwhelms me. How can I go and meet the Lord?

ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥
man tan pi-aas darsan ghanee ko-ee aan milaavai maa-ay.
My mind and body are so thirsty for the Blessed Vision of His Darshan. Won't someone please come and lead me to him, O my mother.

ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥
sant sahaa-ee paraym kay ha-o tin kai laagaa paa-ay.
The Saints are the helpers of the Lord's lovers; I fall and touch their feet.

ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥
vin parabh ki-o sukh paa-ee-ai doojee naahee jaa-ay.
Without God, how can I find peace? There is nowhere else to go.

ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥
jinHee chaakhi-aa paraym ras say taripat rahay aaghaa-ay.
Those who have tasted the sublime essence of His Love, remain satisfied and fulfilled.

ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥
aap ti-aag bintee karahi layho parabhoo larh laa-ay.
They renounce their selfishness and conceit, and they pray, "God, please attach me to the hem of Your robe."

ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥
jo har kant milaa-ee-aa se vichhurh kateh na jaa-ay.
Those whom the Husband Lord has united with Himself, shall not be separated from Him again.

ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥
parabh vin doojaa ko nahee naanak har sarnaa-ay.
Without God, there is no other at all. Nanak has entered the Sanctuary of the Lord.

ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥੮॥
asoo sukhee vasandee-aa jinaa ma-i-aa har raa-ay. ||8||
In Assu, the Lord, the Sovereign King, has granted His Mercy, and they dwell in peace. ||8||

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
katik karam kamaavnay dos na kaahoo jog.
In the month of Katak, do good deeds. Do not try to blame anyone else.

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
parmaysar tay bhuli-aa^N vi-aapan sabhay rog.
Forgetting the Transcendent Lord, all sorts of illnesses are contracted.

ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
vaimukh ho-ay raam tay lagan janam vijog.
Those who turn their backs on the Lord shall be separated from Him and consigned to reincarnation, over and over again.

ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
khin meh ka-urhay ho-ay ga-ay jit-rhay maa-i-aa bhog.
In an instant, all of Maya's sensual pleasures turn bitter.

ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥
vich na ko-ee kar sakai kis thai roveh roj.
No one can then serve as your intermediary. Unto whom can we turn and cry?

ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥
keetaa kichhoo na hova-ee likhi-aa Dhur sanjog.
By one's own actions, nothing can be done; destiny was pre-determined from the very beginning.

ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥
vadbhaagee mayraa parabh milai taa^N utreh sabh bi-og.
By great good fortune, I meet my God, and then all pain of separation departs.

ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥
naanak ka-o parabh raakh layhi mayray saahib bandee moch.
Please protect Nanak, God; O my Lord and Master, please release me from bondage.

ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥੯॥
katik hovai saaDhsang binsahi sabhay soch. ||9||
In Katak, in the Company of the Holy, all anxiety vanishes. ||9||

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
manghir maahi sohandee-aa har pir sang baith-rhee-aah.
In the month of Maghar, those who sit with their Beloved Husband Lord are beautiful.

ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥
tin kee sobhaa ki-aa ganee je saahib maylrhee-aah.
How can their glory be measured? Their Lord and Master blends them with Himself.

ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
tan man ma-oli-aa raam si-o sang saaDh sahaylrhee-aah.
Their bodies and minds blossom forth in the Lord; they have the companionship of the Holy Saints.

ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
saaDh janaa tay baahree say rahan ikaylarhee-aah.
Those who lack the Company of the Holy, remain all alone.

ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥
tin dukh na kabhoo utrai say jam kai vas parhee-aah.
Their pain never departs, and they fall into the grip of the Messenger of Death.

ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥
jinee raavi-aa parabh aapnaa say disan nit kharhee-aah.
Those who have ravished and enjoyed their God, are seen to be continually exalted and uplifted.

ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ratan javayhar laal har kanth tinaa jarhee-aah.
They wear the Necklace of the jewels, emeralds and rubies of the Lord's Name.

ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥
naanak baa^{N}chhai Dhoorh tin parabh sarnee dar parhee-aah.
Nanak seeks the dust of the feet of those who take to the Sanctuary of the Lord's Door.

ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥
manghir parabh aaraaDhanaa bahurh na janamrhee-aah. ||10||
Those who worship and adore God in Maghar, do not suffer the cycle of reincarnation ever again. ||10||

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
pokh tukhaar na vi-aapa-ee kanth mili-aa har naahu.
In the month of Poh, the cold does not touch those, whom the Husband Lord hugs close in His Embrace.

ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥
man bayDhi-aa charnaarbind darsan lagrhaa saahu.
Their minds are transfixed by His Lotus Feet. They are attached to the Blessed Vision of the Lord's Darshan.

ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥
ot govind gopaal raa-ay sayvaa su-aamee laahu.
Seek the Protection of the Lord of the Universe; His service is truly profitable.

ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
bikhi-aa pohi na sak-ee mil saaDhoo gun gaahu.
Corruption shall not touch you, when you join the Holy Saints and sing the Lord's Praises.

ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
jah tay upjee tah milee sachee pareet samaahu.
From where it originated, there the soul is blended again. It is absorbed in the Love of the True Lord.

ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥
kar geh leenee paarbarahm bahurh na vichhurhi-aahu.
When the Supreme Lord God grasps someone's hand, he shall never again suffer separation from Him.

ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥
baar jaa-o lakh bayree-aa har sajan agam agaahu.
I am a sacrifice, 100,000 times, to the Lord, my Friend, the Unapproachable and Unfathomable.

ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥
saram pa-ee naaraa-inai naanak dar pa-ee-aahu.
Please preserve my honor, Lord; Nanak begs at Your Door.

ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥
pokh sohandaa sarab sukh jis bakhsay vayparvaahu. ||11||
Poh is beautiful, and all comforts come to that one, whom the Carefree Lord has forgiven. ||11||

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
maagh majan sang saaDhoo-aa Dhoorhee kar isnaan.
In the month of Maagh, let your cleansing bath be the dust of the Saadh Sangat, the Company of the Holy.

ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
har kaa naam Dhi-aa-ay sun sabhnaa no kar daan.
Meditate and listen to the Name of the Lord, and give it to everyone.

ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
janam karam mal utrai man tay jaa-ay gumaan.
In this way, the filth of lifetimes of karma shall be removed, and egotistical pride shall vanish from your mind.

ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
kaam karoDh na mohee-ai binsai lobh su-aan.
Sexual desire and anger shall not seduce you, and the dog of greed shall depart.

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
sachai maarag chaldi-aa ustat karay jahaan.
Those who walk on the Path of Truth shall be praised throughout the world.

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
athsath tirath sagal punn jee-a da-i-aa parvaan.
Be kind to all beings-this is more meritorious than bathing at the sixty-eight sacred shrines of pilgrimage and the giving of charity.

ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
jis no dayvai da-i-aa kar so-ee purakh sujaan.
That person, upon whom the Lord bestows His Mercy, is a wise person.

ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਣੁ ॥
jinaa mili-aa parabh aapnaa naanak tin kurbaan.
Nanak is a sacrifice to those who have merged with God.

ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥
maagh suchay say kaaNdhee-ah jin pooraa gur miharvaan. ||12||
In Maagh, they alone are known as true, unto whom the Perfect Guru is Merciful. ||12||

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥
fulgun anand upaarjanaa har sajan pargatay aa-ay.
In the month of Phalgun, bliss comes to those, unto whom the Lord, the Friend, has been revealed.

ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥
sant sahaa-ee raam kay kar kirpaa dee-aa milaa-ay.
The Saints, the Lord's helpers, in their mercy, have united me with Him.

ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥
sayj suhaavee sarab sukh hun dukhaa naahee jaa-ay.
My bed is beautiful, and I have all comforts. I feel no sadness at all.

ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥
ichh punee vadbhaagnee var paa-i-aa har raa-ay.
My desires have been fulfilled-by great good fortune, I have obtained the Sovereign Lord as my Husband.

ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥
mil sahee-aa mangal gaavhee geet govind alaa-ay.
Join with me, my sisters, and sing the songs of rejoicing and the Hymns of the Lord of the Universe.

ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥
har jayhaa avar na dis-ee ko-ee doojaa lavai na laa-ay.
There is no other like the Lord-there is no equal to Him.

ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥
halat palat savaari-on nihchal ditee-an jaa-ay.
He embellishes this world and the world hereafter, and He gives us our permanent home there.

ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥
sansaar saagar tay rakhi-an bahurh na janmai Dhaa-ay.
He rescues us from the world-ocean; never again do we have to run the cycle of reincarnation.

ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥
jihvaa ayk anayk gun taray naanak charnee paa-ay.
I have only one tongue, but Your Glorious Virtues are beyond counting. Nanak is saved, falling at Your Feet.

ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥
fulgun nit salaahee-ai jis no til na tamaa-ay. ||13||
In Phalgun, praise Him continually; He has not even an iota of greed. ||13||

ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥
jin jin naam Dhi-aa-i-aa tin kay kaaj saray.
Those who meditate on the Naam, the Name of the Lord-their affairs are all resolved.

ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ ॥
har gur pooraa aaraaDhi-aa dargeh sach kharay.
Those who meditate on the Perfect Guru, the Lord-Incarnate-they are judged true in the Court of the Lord.

ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥
sarab sukhaa niDh charan har bha-ojal bikham taray.
The Lord's Feet are the Treasure of all peace and comfort for them; they cross over the terrifying and treacherous world-ocean.

ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥
paraym bhagat tin paa-ee-aa bikhi-aa naahi jaray.
They obtain love and devotion, and they do not burn in corruption.

ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥
koorh ga-ay dubiDhaa nasee pooran sach bharay.
Falsehood has vanished, duality has been erased, and they are totally overflowing with Truth.

ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥
paarbarahm parabh sayvday man andar ayk Dharay.
They serve the Supreme Lord God, and enshrine the One Lord within their minds.

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥
maah divas moorat bhalay jis ka-o nadar karay.
The months, the days, and the moments are auspicious, for those upon whom the Lord casts His Glance of Grace.

ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥੧੪॥੧॥
naanak mangai daras daan kirpaa karahu haray. ||14||1||
Nanak begs for the blessing of Your Vision, O Lord. Please, shower Your Mercy upon me! ||14||1||